20Page2.qxd 11/19/2026 10:18 PM Page 1

ਬੰਗਲਾਦੇਸ਼ 'ਚ ਹਿੰਸਾ ਮਗਰੋਂ ਭਾਰੀ ਸੁਰੱਖਿਆ ਬਲ ਤਾਇਨਾਤ



ਢਾਕਾ, 19 ਨਵੰਬਰ : ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਦਸੰਬਰ ਵਿਚ ਭਾਰਤ ਤੋਂ ਵਾਪਸੀ ਦੀਆਂ ਯੋਜਨਾਵਾਂ ਤੋਂ ਬਾਅਦ ਵਧਦੇ ਤਣਾਅ, ਝੜਪਾਂ, ਬੰਬ ਧਮਾਕਿਆਂ ਅਤੇ ਅਗਜ਼ਨੀ ਦੀਆਂ ਘਟਨਾਵਾਂ ਨੂੰ ਦੇਖਦਿਆਂ ਸਰਕਾਰ ਨੇ ਦੇਸ਼ ਭਰ ਵਿਚ ਸੁਰੱਖਿਆ ਵਧਾਉਂਦਿਆਂ ਸੈਂਕੜੇ ਅਰਧ-ਸੈਨਿਕ ਜਵਾਨਾਂ ਦੀ ਤਾਇਨਾਤੀ ਕਰ ਦਿਤੀ ਹੈ। ਅਗੱਸਤ 2024 ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਅਸਤੀਫ਼ਾ ਦੇ ਕੇ ਭਾਰਤ ਵਿਚ ਰਹਿ ਰਹੀ ਸ਼ੇਖ ਹਸੀਨਾ ਨੇ ਨਵੇਂ ਪਾਸਪੋਰਟ ਅਤੇ ਪਛਾਣ ਪੱਤਰ ਲਈ ਬਿਨੈ ਕੀਤਾ ਸੀ ਪਰ ਅੰਤਰਿਮ ਸਰਕਾਰ ਵਲੋਂ ਇਹ ਮੰਗ ਰੱਦ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦੀ ਪਾਬੰਦੀਸ਼ੁਦਾ ਪਾਰਟੀ ਅਵਾਮੀ ਲੀਗ ਦੇ ਸਮਰਥਕਾਂ ਨੇ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿਤੇ ਹਨ। ਅਵਾਮੀ ਲੀਗ ਵਲੋਂ ਹਫ਼ਤਾਵਾਰੀ ਪ੍ਰਦਰਸ਼ਨਾਂ ਅਤੇ 19 ਨਵੰਬਰ ਦੇ ਦੇਸ਼-ਵਿਆਪੀ ਲਾਕਡਾਊਨ ਦੇ ਸੱਦੇ ਤੋਂ ਬਾਅਦ ਪਿਛਲੇ 10 ਦਿਨਾਂ ਵਿਚ ਘੱਟੋ-ਘੱਟ 28 ਜ਼ਿਲ੍ਹਿਆਂ ਵਿਚ ਦਰਜਨਾਂ ਬੰਬ ਧਮਾਕੇ ਅਤੇ ਵਾਹਨਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਕਈ ਪੁਲਿਸ ਕਰਮੀ ਅਤੇ ਨਾਗਰਿਕ ਜ਼ਖ਼ਮੀ ਹੋਏ ਹਨ। **(ਪੀਟੀਆਈ)**

ਮੁਹੰਮਦ ਯੂਨੁਸ ਦੇ ਘਰ ਨੂੰ ਲਾਈ ਅੱਗ

ਬੰਗਲਾਦੇਸ਼ ਵਿਚ ਸ਼ੇਖ ਹਸੀਨਾ ਦੀ ਪਾਰਟੀ, 'ਅਵਾਮੀ ਲੀਗ' ਵਲੋਂ ਸੱਦੀ ਗਈ ਦੇਸ਼-ਵਿਆਪੀ ਹੜਤਾਲ ਦੌਰਾਨ ਹਿੰਸਾ ਭੜਕ ਉੱਠੀ ਹੈ। ਰਾਜਧਾਨੀ ਢਾਕਾ ਵਿਚ ਸਵੇਰ ਹੋਣ ਤੋਂ ਪਹਿਲਾਂ ਕਈ ਥਾਵਾਂ 'ਤੇ ਦੇਸੀ ਬੰਬ ਧਮਾਕੇ ਕੀਤੇ ਗਏ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਅੱਗਜ਼ਨੀ, ਭੰਨ-ਤੋੜ ਅਤੇ ਹਮਲਿਆਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਪ੍ਰਦਰਸ਼ਨਕਾਰੀਆਂ ਨੇ ਚਟਗਾਂਵ ਵਿਚ ਮੁਹੰਮਦ ਯੂਨੁਸ ਜੋ ਪਿਛਲੀ ਅੰਤਰਿਮ ਸਰਕਾਰ ਦੇ ਮੁਖੀ ਸਨ, ਦੇ ਜੱਦੀ ਘਰ ਨੂੰ ਅੱਗ ਲਗਾ ਦਿਤੀ। ਇਸ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਉਨ੍ਹਾਂ ਦੇ ਗ੍ਰਾਮੀਣ ਬੈਂਕ ਦੀਆਂ ਕਈ ਸ਼ਾਖਾਵਾਂ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਢਾਕਾ ਵਿਚ ਸ਼ੇਖ ਹਸੀਨਾ ਦੀ ਪਾਰਟੀ 'ਅਵਾਮੀ ਲੀਗ' ਦੇ ਦੋ ਆਗੂਆਂ ਦੇ ਘਰਾਂ 'ਤੇ ਵੀ ਹਮਲੇ ਕੀਤੇ ਗਏ। ਸ਼ੱਕ ਹੈ ਕਿ ਇਨ੍ਹਾਂ ਹਮਲਿਆਂ ਪਿੱਛੇ 'ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ' (ਬੀ.ਐਨ.ਪੀ.) ਜੋ ਤਾਰਿਕ ਰਹਿਮਾਨ ਦੀ ਪਾਰਟੀ ਹੈ, ਦੇ ਵਰਕਰਾਂ ਦਾ ਹੱਥ ਸੀ।

ਜਪਾਨ 'ਚ ਲੱਗੇ ਭੂਚਾਲ ਦੇ ਝਟਕੇ

ਟੋਕੀਉ, 19 ਨਵੰਬਰ : ਦੱਖਣ-ਪੱਛਮੀ ਜਾਪਾਨ ਵਿਚ ਵੀਰਵਾਰ ਸਵੇਰੇ ਕੁਮਾਮੋਟੋ ਪ੍ਰੀਫ਼ੈਕਚਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਦਰਮਿਆਨਾ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 5.7 ਮਾਪੀ ਗਈ। ਹਾਲਾਂਕਿ ਜਾਪਾਨ ਮੌਸਮ ਵਿਗਿਆਨ ਏਜੰਸੀ (ਜੇਐਮਏ) ਨੇ ਸੁਨਾਮੀ ਦੀ ਚੇਤਾਵਨੀ ਜਾਰੀ ਨਹੀਂ ਕੀਤੀ। ਏਜੰਸੀ ਅਨੁਸਾਰ ਭੂਚਾਲ ਸਥਾਨਕ ਸਮੇਂ ਅਨੁਸਾਰ ਸਵੇਰੇ 2:22 ਵਜੇ ਆਇਆ, ਜਿਸ ਦਾ ਕੇਂਦਰ ਪ੍ਰੀਫ਼ੈਕਚਰ ਦੇ ਅਮਾਕੁਸਾ-ਆਸ਼ੀਕੀਤਾ ਖੇਤਰ ਵਿਚ ਜ਼ਮੀਨੀ ਪੱਧਰ ਤੋਂ ਲਗਭਗ 10 ਕਿਲੋਮੀਟਰ ਹੇਠਾਂ ਡੂੰਘਾਈ 'ਤੇ ਸੀ। **(ਏਜੰਸੀ)**

ਨਿਊਜ਼ੀਲੈਂਡ : ਟਰੱਕ ਡਰਾਈਵਰਾਂ ਸਿਰ ਲਟਕੀ ਦੇਸ਼ ਨਿਕਾਲੇ ਦੀ ਤਲਵਾਰ

ਆਕਲੈਂਡ, 19 ਨਵੰਬਰ : ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿਚ ਬਿਨਾਂ ਲਾਇਸੈਂਸ ਵਾਲੇ ਇਮੀਗ੍ਰੇਸ਼ਨ ਸਲਾਹਕਾਰ ਵਲੋਂ ਕਥਿਤ ਤੌਰ 'ਤੇ ਜਾਅਲੀ ਦਸਤਾਵੇਜ਼ ਜਮ੍ਹਾਂ ਕਰਵਾਉਣ ਕਾਰਨ 30 ਤੋਂ ਵੱਧ ਭਾਰਤੀ ਕਾਮਿਆਂ ਜਿਨ੍ਹਾਂ ਵਿਚ ਜ਼ਿਆਦਾਤਰ ਪੰਜਾਬੀ ਟਰੱਕ ਡਰਾਈਵਰ ਹਨ, ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ। ਕਾਮਿਆਂ ਦਾ ਦੋਸ਼ ਹੈ ਕਿ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਉਨ੍ਹਾਂ ਦੀਆਂ ਫਾਈਲਾਂ ਵਿਚ ਨਕਲੀ ਸਰਟੀਫ਼ਿਕੇਟ ਲਗਾਏ ਗਏ, ਜਿਸ ਕਾਰਨ ਉਨ੍ਹਾਂ ਦੇ ਵੀਜ਼ੇ ਰੱਦ ਹੋ ਗਏ ਹਨ ਅਤੇ ਹੁਣ ਦਰਜਨਾਂ ਲੋਕਾਂ ਨੂੰ ਦੇਸ਼ ਛੱਡਣ ਜਾਂ ਗ਼ੈਰ-ਕਾਨੂੰਨੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਲਜ਼ਾਮ ਹੈ ਕਿ ਸੁਖਦੀਪ ਕੌਰ ਗਿੱਲ ਨਾਮ ਦੀ ਇਕ ਔਰਤ ਨੇ ਖ਼ੁਦ ਨੂੰ ਵਕੀਲ ਅਤੇ ਲਾਇਸੈਂਸਸ਼ੁਦਾ ਸਲਾਹਕਾਰ ਦੱਸ ਕੇ ਇਨ੍ਹਾਂ ਕਾਮਿਆਂ ਤੋਂ ਵਰਕ ਵੀਜ਼ਾ ਵਧਾਉਣ ਦੇ ਨਾਮ 'ਤੇ 800 ਤੋਂ 5,000 ਡਾਲਰ ਤਕ ਵਸੂਲੇ। ਇਹ ਪੈਸੇ 'ਨੈਕਸਟਜਨ ਮਾਰਕੀਟਿੰਗ ਲਿਮਟਿਡ' ਨਾਮ ਦੀ ਇਕ ਡਿਜੀਟਲ ਮਾਰਕੀਟਿੰਗ ਕੰਪਨੀ ਦੇ ਖਾਤੇ ਵਿਚ ਪਵਾਏ ਗਏ। ਪ੍ਰਭਾਵਿਤ ਕਾਮਿਆਂ ਨੇ ਦਸਿਆ ਕਿ ਉਨ੍ਹਾਂ ਦੇ ਨਾਮ 'ਤੇ ਅੰਗਰੇਜ਼ੀ ਦੀ ਯੋਗਤਾ ਦੇ ਜਾਅਲੀ ਦਸਤਾਵੇਜ਼ ਲਗਾਏ ਗਏ। ਇਕ ਮਾਮਲੇ ਵਿਚ ਜੋ ਕਾਮਾ ਕਦੇ ਕੈਨੇਡਾ ਗਿਆ ਹੀ ਨਹੀਂ, ਉਸ ਦੀ ਫ਼ਾਈਲ ਵਿਚ ਵੈਨਕੂਵਰ ਦੇ ਇਕ ਅੰਗਰੇਜ਼ੀ ਕਾਲਜ ਦਾ ਸਰਟੀਫ਼ਿਕੇਟ ਲਗਾ ਦਿਤਾ ਗਿਆ। ਇਕ ਹੋਰ ਬਿਨੈਕਾਰ ਦੇ ਪੀ.ਟੀ.ਈ. ਟੈਸਟ ਦੇ ਅਸਲ 29 ਅੰਕਾਂ ਨੂੰ ਬਦਲ ਕੇ 59 ਕਰ ਦਿਤਾ ਗਿਆ। ਇੰਨਾ ਹੀ ਨਹੀਂ, ਕਈ ਕਾਮਿਆਂ ਨੂੰ ਨਕਲੀ ਈ-ਵੀਜ਼ਾ ਪੀ.ਡੀ.ਐਫ਼. ਵੀ ਭੇਜੇ ਗਏ ਅਤੇ ਅਰਜ਼ੀਆਂ ਵਿਚ ਕਾਮਿਆਂ ਦੇ ਈਮੇਲ ਤੇ ਫ਼ੋਨ ਨੰਬਰ ਬਦਲ ਦਿਤੇ ਗਏ ਤਾਂ ਜੋ ਇਮੀਗ੍ਰੇਸ਼ਨ ਵਿਭਾਗ ਵਲੋਂ ਭੇਜੇ ਗਏ ਚੇਤਾਵਨੀ ਪੱਤਰ ਉਨ੍ਹਾਂ ਤਕ ਨਾ ਪਹੁੰਚ ਸਕਣ। ਨਿਊਜ਼ੀਲੈਂਡ ਦੇ ਕਾਨੂੰਨ ਅਨੁਸਾਰ ਫ਼ਾਈਲ ਵਿਚ ਲੱਗੇ ਕਿਸੇ ਵੀ ਗ਼ਲਤ ਦਸਤਾਵੇਜ਼ ਲਈ ਬਿਨੈਕਾਰ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਇਸ ਕਾਰਨ ਕਈ ਕਾਮੇ ਪਹਿਲਾਂ ਹੀ ਦੇਸ਼ ਛੱਡ ਚੁੱਕੇ ਹਨ ਅਤੇ ਬਾਕੀ ਬਿਨਾਂ ਕੰਮ ਕਰਨ ਦੇ ਅਧਿਕਾਰ ਤੋਂ ਸੈਕਸ਼ਨ 61 ਤਹਿਤ ਅਪੀਲਾਂ ਕਰ ਰਹੇ ਹਨ। ਲਾਇਸੈਂਸਸ਼ੁਦਾ ਵਕੀਲਾਂ ਮਹਿਕ ਸਿੰਘ, ਅਲੈਸਟਰ ਮੈਕਲਿਮੋਂਟ ਤੇ ਇੰਦਰਜੀਤ ਮਠਾਰੂ ਵਲੋਂ ਲਗਭਗ 28 ਪੀੜਤਾਂ ਦੇ ਕੇਸ ਲੜੇ ਜਾ ਰਹੇ ਹਨ।

ਪੰਜਾਬ ਸਰਕਾਰ

ਰੈਫ. ਨੰ.: 1222 ਮਿਤੀ: 17.11.2026

ਮਿਉਂਸਪਲ ਕੌਂਸਲ ਰਾਮਪੁਰਾ ਫੂਲ

ਲੜੀ ਨੰ.	ਕੰਮਾਂ ਦੀ ਗਿਣਤੀ	ਐਨਆਈਟੀ ਨੰ. ਅਤੇ ਮਿਤੀ	ਬੰਦ ਹੋਣ ਦੀ ਮਿਤੀ ਅਤੇ ਸਮਾਂ
1.	07 ਕੰਮ (ਰੇਗਲਾ ਪੰਜਾਬ)	ਐਨਆਈਟੀ ਨੰ. 1222 ਮਿਤੀ 17.11.2026	03.12.2026 ਸਵੇਰੇ 10 ਵਜੇ ਤੱਕ

ਵੇਰਵਿਆਂ ਲਈ ਲਾਗਿਨ ਕਰੋ:-https://www.eproc.punjab.gov.in/nicgep/app
ਨੋਟ: ਟੈਂਡਰ/ਆਰਐਫਪੀ ਨੋਟਿਸ ਸਬੰਧੀ ਕੋਈ ਸੋਧ ਸਿਰਫ ਉਪਰੋਕਤ ਵੈਬਸਾਈਟ ਤੇ ਦਿੱਤੀ ਜਾਵੇਗੀ।
ਕਾਰਜ ਸਾਧਕ ਅਫਸਰ
1402/12/2026-27/17162 ਨਗਰ ਕੌਂਸਲ ਰਾਮਪੁਰਾ ਫੂਲ

ਪੰਜਾਬ ਸਰਕਾਰ

ਟੈਂਡਰ ਨੋਟਿਸ ਨੰ: ਈ-ਟੈਂਡਰ/ਮਿਉਂਸਪਲ ਕੌਂਸਲ ਧਨੌਲਾ/2026-27/05

ਸਥਾਨਕ ਸਰਕਾਰ (ਨਗਰ ਕੌਂਸਲ ਧਨੌਲਾ) ਦੇ ਵਿਭਾਗ ਵੱਲੋਂ ਵਿਕਾਸ ਦੇ ਵੱਖ-ਵੱਖ ਕੰਮਾਂ ਲਈ ਆਨ ਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ : -
ਬੰਦ ਹੋਣ ਦੀ ਮਿਤੀ ਤੇ ਸਮਾਂ: ਮਿਤੀ 04-12-2026, ਸਮਾਂ ਦੁਪਿਹਰ 12:00 ਵਜੇ ਤੱਕ
ਵਿਸਤ੍ਰਿਤ ਜਾਣਕਾਰੀ ਲਈ ਲਾਗਿਨ ਕਰੋ:-http://www.eproc.punjab. gov.in
ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ ਸਿਰਫ ਉਪਰੋਕਤ ਵੈਬਸਾਈਟ ਤੇ ਦਿੱਤੀ ਜਾਵੇਗੀ।

ਸਹੀ/- ਸਹੀ/-
ਪ੍ਰਧਾਨ ਕਾਰਜ ਸਾਧਕ ਅਫਸਰ
ਨਗਰ ਕੌਂਸਲ ਧਨੌਲਾ 1805/12/2026-27/17182 ਨਗਰ ਕੌਂਸਲ ਧਨੌਲਾ

The Super Co operative H/B First (II) society Ltd Sector 48-A, Chandigarh

Election Notice

All the members are informed that election for the management committee will be held as under: -

1)	Filling of Nomination papers	21.12.2026	10:00 to 11:00 am
2)	Date & Time of Polling	22.12.2026	11:00 am to 2:00 pm
3)	Venue : Temple area of the Super Cooperative First (II) Society, Sector 48-A, Chandigarh		

Detailed Election programme is pasted on the notice board of the society. All members are requested to participate in the above election

Election Manager

Office: Executive Engineer/Mansa, Drainage Cum Mining and Geology, Water Resources Department Punjab

EMAIL: xendrgmsa2024@gmail.com, eedrg.dwr.mansa@punjab.gov.in

ਜਨਤਕ ਸੂਚਨਾ

ਜ਼ਿਲ੍ਹਾ ਬਠਿੰਡਾ ਦੀ ਡਿਸਟ੍ਰਿਕਟ ਸਰਵੇ ਰਿਪੋਰਟ ਵਿੱਚ ਨਵੀਆਂ ਖੱਡਾਂ ਸ਼ਾਮਿਲ ਕਰਨ ਲਈ ਸਬ ਡਵੀਜ਼ਨ ਲੈਵਲ ਕਮੇਟੀ ਤੋਂ ਰਿਪੋਰਟ ਕਰਵਾਕੇ ਸਪਲੀਮੈਂਟਰੀ ਡਿਸਟ੍ਰਿਕਟ ਸਰਵੇ ਰਿਪੋਰਟ ਤਿਆਰ ਕੀਤੀ ਗਈ ਹੈ। ਭਾਰਤ ਸਰਕਾਰ ਦੇ ਵਾਤਾਵਰਨ ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਰਿਪੋਰਟ ਜ਼ਿਲ੍ਹਾ ਬਠਿੰਡਾ ਦੀ ਵੈਬਸਾਈਟ bathinda.nic.in ਤੇ ਅਪਲੋਡ ਕੀਤੀ ਗਈ ਹੈ। ਇਸ ਸਪਲੀਮੈਂਟਰੀ ਡੀ.ਐਸ.ਆਰ. ਸਬੰਧੀ ਕਿਸੇ ਵੀ ਤਰ੍ਹਾਂ ਦੇ ਇਤਰਾਜ਼/ਸੁਝਾਅ ਦੇਣ ਲਈ ਕਾਰਜਕਾਰੀ ਇੰਜੀਨੀਅਰ/ਮਾਨਸਾ, ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ ਪੰਜਾਬ, ਜ਼ਿਲ੍ਹਾ ਪਰਿਸ਼ਦ ਕੰਪਲੈਕਸ, ਪਹਿਲੀ ਮੰਜ਼ਿਲ, ਲਿੰਕ ਰੋਡ ਮਾਨਸਾ ਵਿਖੇ ਇੱਕ ਮਹੀਨੇ ਦੇ ਅੰਦਰ-2 ਸੰਪਰਕ ਕੀਤਾ ਜਾ ਸਕਦਾ ਹੈ ਜਾਂ eedrg.dwr.mansa@punjab.gov.in ਤੇ ਈ-ਮੇਲ ਕੀਤੀ ਜਾ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ/ਮਾਨਸਾ
3190/12/2026-27/17188 ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ,

ਫਾਰਮ ਏ- ਜਨਤਕ ਘੋਸ਼ਣਾ

ਇਨਸੋਲਵੈਂਸੀ ਐਂਡ ਬੈਂਕਰਪਟਸੀ ਬੋਰਡ ਆਫ਼ ਇੰਡੀਆ (ਕਾਰਪੋਰੇਟ ਵਿਅਕਤੀਆਂ ਲਈ ਦਿਵਾਲੀਆ ਪ੍ਰਸਤਾਵ ਕਿਰਿਆ) ਰੈਗੂਲੇਸ਼ਨ, 2016 ਦੇ ਰੈਗੂਲੇਸ਼ਨ 6 ਅਧੀਨ)

ਅਨੁਰਾਜ ਰੀਅਲ ਅਸਟੇਟਸ ਪ੍ਰਾਈਵੇਟ ਲਿਮਟਿਡ ਦੇ ਨਿਵੇਸ਼ਕਾਂ ਦੇ ਧਿਆਨ ਹਿੱਤ

ਸਬੰਧਤ ਵੇਰਵੇ

1.	ਕਾਰਪੋਰੇਟ ਕਰਜ਼ਦਾਰ ਦਾ ਨਾਂ	ਅਨੁਰਾਜ ਰੀਅਲ ਅਸਟੇਟਸ ਪ੍ਰਾਈਵੇਟ ਲਿਮਟਿਡ
2.	ਕਾਰਪੋਰੇਟ ਕਰਜ਼ਦਾਰ ਦੇ ਸਥਾਪਿਤ ਹੋਣ ਦੀ ਮਿਤੀ	17-06-2005
3.	ਅਥਾਰਟੀ ਜਿਸਦੇ ਅਧੀਨ ਕਾਰਪੋਰੇਟ ਕਰਜ਼ਦਾਰ ਸਥਾਪਿਤ/ਰਜਿਸਟਰਡ	ਆਰਓਸੀ-ਚੰਡੀਗੜ੍ਹ
4.	ਕਾਰਪੋਰੇਟ ਕਰਜ਼ਦਾਰ ਦਾ ਕਾਰਪੋਰੇਟ ਸ਼ਨਾਖ਼ਤ ਨੰਬਰ/ਲਿਮਟਿਡ ਦੇਣਦਾਰੀ ਸ਼ਨਾਖ਼ਤ ਨੰਬਰ	U70100PB2005PTC028567
5.	ਕਾਰਪੋਰੇਟ ਕਰਜ਼ਦਾਰ ਦੇ ਰਜਿਸਟਰਡ ਦਫ਼ਤਰ ਅਤੇ ਮੁੱਖ ਦਫ਼ਤਰ ਦਾ ਪਤਾ (ਜੇ ਕੋਈ ਹੈ)	ਮਾਫ਼ਰਤ ਸ੍ਰੀ ਮਹੇਸ਼ ਚੰਦਰ ਸ਼ਰਮਾ/ਐਚ 250, ਪ੍ਰਤਾਪ ਨਗਰ, ਸੋਡਲ ਰੋਡ, ਜਲੰਧਰ, ਪੰਜਾਬ 144004
6.	ਕਾਰਪੋਰੇਟ ਕਰਜ਼ਦਾਰ ਦੇ ਸਬੰਧ ਵਿਚ ਦਿਵਾਲੀਆਪਣ ਦੇ ਆਰੰਭ ਦੀ ਮਿਤੀ	18-11-2026
7.	ਦਿਵਾਲੀਆਪਣ ਪ੍ਰਸਤਾਵ ਕਿਰਿਆ ਦੇ ਬੰਦ ਹੋਣ ਦੀ ਲਗਭਗ ਮਿਤੀ	16.05.2026 (ਸੀਆਈਆਰਪੀ ਆਰਡਰ ਦੀ ਮਿਤੀ ਤੋਂ 180 ਦਿਨ)
8.	ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਵਜੋਂ ਕੰਮ ਕਰ ਰਹੇ ਇਨਸੋਲਵੈਂਸੀ ਪ੍ਰੋਫੈਸ਼ਨਲ ਰਜਿਸਟ੍ਰੇਸ਼ਨ ਨੰਬਰ ਤੇ ਨਾਮ	ਅਕਰਸ਼ ਕਸ਼ਿਅਪ IBBI/IPA-001/IP-P00566/2017-2018/11042
9.	ਜਿਵੇਂ ਬੋਰਡ ਨਾਲ ਰਜਿਸਟਰਡ ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਦਾ ਈਮੇਲ ਅਤੇ ਪਤਾ	ਸੀ-10, ਐਲਜੀਐਫ, ਲਾਜਪਤ ਨਗਰ ਫਾਰਟ-3, ਨਵੀਂ ਦਿੱਲੀ-110024, akashyap2002@yahoo.com
10.	ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਦਾ ਤਾਲਮੇਲ ਲਈ ਵਰਤਿਆ ਜਾਂਦਾ ਈਮੇਲ ਅਤੇ ਪਤਾ	ਸੀ-10, ਐਲਜੀਐਫ, ਲਾਜਪਤ ਨਗਰ ਫਾਰਟ-3, ਨਵੀਂ ਦਿੱਲੀ-110024, cirp.anuraj@gmail.com
11.	ਦਾਅਵਾ ਕਰਨ ਦੀ ਆਖ਼ਰੀ ਮਿਤੀ	02-12-2026
12.	ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਦੁਆਰਾ 21 ਸੈਕਸ਼ਨ ਦੇ ਸਬ ਸੈਕਸ਼ਨ (6ਏ) ਦੇ ਕਲਾਜ਼ (ਬੀ) ਅਧੀਨ ਦਰਸਾਈ ਗਈ ਕ੍ਰੈਡੀਟਰਜ਼ ਦੀ ਸ਼੍ਰੇਣੀ, ਜੇ ਕੋਈ ਹੈ।	ਉਪਲਬਧ ਜਾਣਕਾਰੀ ਅਨੁਸਾਰ ਨਿਵੇਸ਼ਕਾਂ ਦੀ ਕੋਈ ਕਲਾਸ ਨਹੀਂ ਹੈ
13.	ਇਨਸੋਲਵੈਂਸੀ ਪ੍ਰੋਫੈਸ਼ਨਲਜ਼ ਦਾ ਨਾਂ ਜਿਸ ਦੀ ਕ੍ਰੈਡੀਟਰ ਦੇ ਅਧਿਕਾਰਤ ਪ੍ਰਤੀਨਿਧ ਵਜੋਂ ਇਕ ਸ਼੍ਰੇਣੀ ਵਿਚ ਪਛਾਣ ਕੀਤੀ (ਹਰੇਕ ਸ਼੍ਰੇਣੀ ਲਈ ਤਿੰਨ ਨਾਂ)	ਲਾਗੂ ਨਹੀਂ
14.	(ੳ) ਸਬੰਧਤ ਫਾਰਮ ਅਤੇ (ਅ) ਅਧਿਕਾਰਤ ਪ੍ਰਤੀਨਿਧ ਦੇ ਵੇਰਵੇ ਜਿਵੇਂ ਉਪਲਬਧ ਹਨ :	ਵੈਬ ਲਿੰਕ : https://ibbi.gov.in/home/downloads ਭੌਤਿਕ ਪਤਾ : ਐਲ.ਏ.

ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ, ਚੰਡੀਗੜ੍ਹ ਬੈਂਚ (ਕੋਰਟ-1) ਨੇ ਅਨੁਰਾਜ ਰੀਅਲ ਅਸਟੇਟਸ ਪ੍ਰਾਈਵੇਟ ਲਿਮਿਟਡ ਖ਼ਿਲਾਫ਼ 18.11.2026 ਨੂੰ ਕਾਰਪੋਰੇਟ ਦਿਵਾਲੀਆਪਨ ਪ੍ਰਸਤਾਵ ਕਿਰਿਆ ਦੀ ਸ਼ੁਰੂਆਤ ਦੇ ਹੁਕਮ ਦਿਤੇ ਹਨ।

ਅਨੁਰਾਜ ਰੀਅਲ ਅਸਟੇਟਸ ਪ੍ਰਾਈਵੇਟ ਲਿਮਟਿਡ ਦੇ ਨਿਵੇਸ਼ਕਾਂ ਨੂੰ 02.12.2026 ਤੱਕ ਜਾਂ ਪਹਿਲਾਂ ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਕੋਲ ਨੂੰ ਐਟਰੀ ਨੰ. 10 ਵਿਰੁਧ ਦਰਜ ਪਤੇ ਤੇ ਦਾਅਵੇ ਦਾ ਸਬੂਤ ਜਮ੍ਹਾ ਕਰਨ ਨੂੰ ਕਿਹਾ ਹੈ। ਵਿੱਤੀ ਲੈਣਦਾਰ ਆਪਣੇ ਦਾਅਵੇ ਦੇ ਸਬੂਤ ਕੇਵਲ ਇਲੈਕਟ੍ਰੋਨਿਕ ਤਰੀਕੇ ਨਾਲ ਜਮ੍ਹਾ ਕਰਵਾਉਣਗੇ।
ਸਾਰੇ ਹੋਰ ਕ੍ਰੈਡੀਟਰ ਆਪਣੇ ਦਾਅਵੇ ਸਮੇਤ ਵਿਅਕਤੀ ਦਾ ਸਬੂਤ ਪੋਸਟ ਜਾਂ ਇਲੈਕਟ੍ਰੋਨਿਕ ਤਰੀਕੇ ਨਾਲ ਜਮ੍ਹਾ ਕਰਵਾ ਸਕਦੇ ਹਨ। ਇਕ ਵਿੱਤੀ ਕ੍ਰੈਡੀਟਰ ਇਕ ਸ਼੍ਰੇਣੀ ਨਾਲ ਸਬੰਧਤ ਹੋਵੇ ਜਿਵੇਂ ਐਟਰੀ ਨੰ. 12 ਵਿਚ ਸੂਚੀਬੱਧ ਹੈ ਅਧਿਕਾਰਤ ਪ੍ਰਤੀਨਿਧ ਸਮੇਤ ਐਟਰੀ ਨੰ. 13 ਵਿਰੁਧ ਜਿਵੇਂ ਫਾਰਮ ਸੀਏ ਵਿਚ ਸ਼੍ਰੇਣੀ ਦੇ ਅਧਿਕਾਰਤ ਪ੍ਰਤੀਨਿਧ ਜਿਵੇਂ ਕੰਮ ਕਰਨਗੇ ਲਿਸਟਿਡ ਤਿੰਨ ਇਨਸੋਲਵੈਂਸੀ ਪ੍ਰੋਫੈਸ਼ਨਲ ਦੀ ਆਪਣੀ ਚੋਣ ਦਰਸਾਏਗਾ।
ਗ਼ਲਤ ਜਾਂ ਝੂਠੇ ਸਬੂਤਾਂ ਨੂੰ ਜਮ੍ਹਾਂ ਕਰਨ ਦੀ ਸੂਰਤ ਵਿੱਚ ਜੁਰਮਾਨਾ ਲੱਗੇਗਾ।

ਅਕਰਸ਼ ਕੁਸ਼ਿਅਪ
ਅੰਤ੍ਰਿਮ ਰੈਜ਼ੋਲੂਸ਼ਨ ਪ੍ਰੋਫੈਸ਼ਨਲ
IBBI/IPA-001/IP-P00566/2017-2018/11042
ਮਿਤੀ :